# ਭਾਗੀਦਾਰ ਜਾਣਕਾਰੀ ਸ਼ੀਟ

**ਸਮਾਨਤਾ ਕੌਮੀ ਸਰਵੇਖਣ ਲਈ ਪ੍ਰਮਾਣ (Evidence for Equality National Survey-EVENS): ਸੰਕਟ ਦੇ ਸਮੇਂ ਵਿੱਚ ਨਸਲੀ ਅਤੇ ਧਾਰਮਿਕ ਘੱਟ-ਗਿਣਤੀ ਸੰਬੰਧੀ ਜ਼ਿੰਦਗੀਆਂ ਦੇ ਦਸਤਾਵੇਜ਼ ਪੇਸ਼ ਕਰ ਰਿਹਾ ਹੈ**

**ਭਾਗੀਦਾਰ ਸੰਖੇਪਿਤ ਸ਼ੀਟ**

ਤੁਹਾਨੂੰ ਇਕਸਾਰਤਾ ਰਾਸ਼ਟਰੀ ਸਰਵੇਖਣ ਲਈ ਸਬੂਤ (Evidence for Equality National Survey-EVENS) ਵਿੱਚ ਭਾਗ ਲੈਣ ਲਈ ਸੱਦਾ ਦਿੱਤਾ ਜਾ ਰਿਹਾ ਹੈ। ਇਸਤੋਂ ਪਹਿਲਾਂ ਕਿ ਤੁਸੀਂ ਇਹ ਫ਼ੈਸਲਾ ਲਓ ਕਿ ਕੀ ਭਾਗ ਲੈਣਾ ਹੈ ਜਾਂ ਨਹੀਂ, ਤੁਹਾਡੇ ਲਈ ਇਹ ਸਮਝਣਾ ਮਹੱਤਵਪੂਰਨ ਹੈ ਕਿ ਖੋਜ ਕਿਉਂ ਕੀਤੀ ਜਾ ਰਹੀ ਹੈ ਅਤੇ ਇਸ ਵਿੱਚ ਕੀ ਸ਼ਾਮਲ ਹੋਵੇਗਾ। ਕਿਰਪਾ ਕਰਕੇ ਭਾਗ ਲੈਣ ਤੋਂ ਪਹਿਲਾਂ ਹੇਠਾਂ ਦਿੱਤੀ ਜਾਣਕਾਰੀ ਨੂੰ ਧਿਆਨ ਨਾਲ ਪੜ੍ਹਨ ਲਈ ਸਮਾਂ ਕੱਢੋ ਅਤੇ ਜੇਕਰ ਤੁਸੀਂ ਚਾਹੋ, ਤਾਂ ਦੂਜਿਆਂ ਨਾਲ ਇਸ ਬਾਰੇ ਬੇਝਿਜਕ ਹੋ ਕੇ ਵਿਚਾਰ-ਵਟਾਂਦਰਾ ਕਰੋ। ਜੇਕਰ ਤੁਸੀਂ ਵਧੇਰੇ ਜਾਣਕਾਰੀ ਜਾਂ ਹੋਰ ਸਪੱਸ਼ਟਤਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਸੰਪਰਕ ਕਰੋ। ਇਸਨੂੰ ਪੜ੍ਹਨ ਲਈ ਸਮਾਂ ਕੱਢਣ ਲਈ ਤੁਹਾਡਾ ਧੰਨਵਾਦ।

**ਖੋਜ ਕੌਣ ਕਰੇਗਾ/ਗੀ?**

The University of Manchester, The University of St Andrews ਅਤੇ The University of Sussex ਦੇ ਖੋਜਕਰਤਾਵਾਂ ਦੀ ਤਰਫੋਂ ਇਹ ਖੋਜ Ipsos MORI ਦੁਆਰਾ ਕੀਤੀ ਜਾਵੇਗੀ।

**ਖੋਜ ਦਾ ਕੀ ਉਦੇਸ਼ ਹੈ?**

ਅਸੀਂ ਇਹ ਪਤਾ ਲਗਾਉਣਾ ਚਾਹੁੰਦੇ ਹਾਂ ਕਿ ਕੋਵਿਡ-19 ਮਹਾਂਮਾਰੀ ਅਤੇ ਲੌਕਡਾਊਨ, ਇੰਗਲੈਂਡ, ਸਕਾਟਲੈਂਡ ਅਤੇ ਵੇਲਜ਼ ਦੇ ਨਸਲੀ ਘੱਟ-ਗਿਣਤੀ ਵਾਲੇ ਲੋਕਾਂ ਨੂੰ ਕਿਵੇਂ ਪ੍ਰਭਾਵਿਤ ਕਰ ਰਹੇ ਹਨ। ਅਸੀਂ ਇਸ ਬਾਰੇ ਪੁੱਛਾਂਗੇ ਕਿ ਤੁਹਾਡੀ ਜ਼ਿੰਦਗੀ ਦੇ ਵੱਖ-ਵੱਖ ਖੇਤਰ ਕਿਵੇਂ ਪ੍ਰਭਾਵਿਤ ਹੋਏ ਹਨ ਉਦਾਹਰਨ ਵਜੋਂ ਸਿੱਖਿਆ, ਰੁਜ਼ਗਾਰ ਅਤੇ ਆਰਥਿਕ ਤੰਦਰੁਸਤੀ, ਰਿਹਾਇਸ਼, ਸਮਾਜਿਕ, ਰਾਜਨੀਤਿਕ ਭਾਗੀਦਾਰੀ, ਸਿਹਤ ਅਤੇ ਨਸਲਵਾਦ ਅਤੇ ਵਿਤਕਰੇ ਸੰਬੰਧੀ ਤਜ਼ਰਬੇ।

**ਮੈਨੂੰ ਇਸ ਵਿੱਚ ਭਾਗ ਲੈਣ ਲਈ ਕਿਉਂ ਚੁਣਿਆ ਗਿਆ ਹੈ?**

ਅਸੀਂ ਕੋਵਿਡ-19 ਮਹਾਂਮਾਰੀ ਦੇ ਤੁਹਾਡੇ ਤਜ਼ਰਬਿਆਂ ਬਾਰੇ ਜਾਣਨ ਵਿੱਚ ਦਿਲਚਸਪੀ ਰੱਖਦੇ ਹਾਂ। ਅਸੀਂ ਵਿਸ਼ੇਸ਼ ਤੌਰ 'ਤੇ ਨਸਲੀ ਅਤੇ ਧਾਰਮਿਕ ਬਾਲ-ਅਵਸਥਾ ਦੇ ਤਜ਼ਰਬਿਆਂ ਸੰਬੰਧੀ ਦਸਤਾਵੇਜ਼ ਪੇਸ਼ ਕਰਨ ਵਿੱਚ ਦਿਲਚਸਪੀ ਰੱਖਦੇ ਹਾਂ। ਇਹ ਸਰਵੇਖਣ ਵਿਆਪਕ ਆਮ ਲੋਕਾਂ ਤੋਂ ਵੀ ਪੁੱਛਿਆ ਜਾ ਰਿਹਾ ਹੈ, ਤਾਂ ਜੋ ਅਸੀਂ ਲੋਕਾਂ ਦੇ ਵੱਖ-ਵੱਖ ਸਮੂਹਾਂ ਦੇ ਵਿਚਾਰਾਂ ਨੂੰ ਸਮਝ ਸਕੀਏ।

**ਕੀ ਖੋਜ ਦੇ ਨਤੀਜੇ ਪ੍ਰਕਾਸ਼ਿਤ ਕੀਤੇ ਜਾਣਗੇ?**

ਅਧਿਐਨ ਦੇ ਨਤੀਜੇ ਅਧਿਐਨ ਦੀ ਵੈਬਸਾਈਟ www.ethnicity.ac.uk/evensurvey ਅਤੇ ਸਾਡੇ ਸੋਸ਼ਲ ਮੀਡੀਆ ਚੈਨਲਾਂ @EVENSurvey (Twitter) ਅਤੇ @evensurvey (Instagram) 'ਤੇ ਪ੍ਰਕਾਸ਼ਿਤ ਕੀਤੇ ਜਾਣਗੇ। ਸਰਵੇਖਣ ਦੇ ਨਤੀਜੇ ਅਕਾਦਮਿਕ ਉਪਭੋਗਤਾਵਾਂ ਨਾਲ ਆਨਲਾਈਨ ਵਰਕਿੰਗ ਪੇਪਰਾਂ, ਪੂਰਵ-ਸਮੀਖਿਆ ਕੀਤੇ ਰਸਾਲਿਆਂ ਵਿੱਚ ਲੇਖਾਂ, ਸੰਪਾਦਿਤ ਖੰਡਾਂ, ਮੋਨੋਗ੍ਰਾਫਾਂ, ਸੈਮੀਨਾਰਾਂ ਅਤੇ ਕਾਨਫਰੰਸ ਪ੍ਰਸਤੁਤੀਆਂ ਦੁਆਰਾ ਪ੍ਰਕਾਸ਼ਿਤ ਅਤੇ ਸਾਂਝੇ ਕੀਤੇ ਜਾਣਗੇ। ਅਸੀਂ ਸਰਵੇਖਣ ਦੇ ਨਤੀਜਿਆਂ

ਦੇ ਅਧਾਰ 'ਤੇ ਨੀਤੀਗਤ ਜਾਣਕਾਰੀ, ਮੀਡੀਆ ਲੇਖ ਅਤੇ ਬਲੌਗ ਪੋਸਟਾਂ ਵੀ ਪ੍ਰਕਾਸ਼ਿਤ ਕਰਾਂਗੇ। ਅਸੀਂ ਵਰਕਸ਼ਾਪਾਂ, ਪੋਡਕਾਸਟਾਂ ਅਤੇ ਵੀਡੀਓਜ਼ ਰਾਹੀਂ ਲੋਕਾਂ ਨਾਲ ਨਤੀਜੇ ਸਾਂਝੇ ਕਰਾਂਗੇ।

**ਖੋਜ ਪ੍ਰੋਜੈਕਟ ਦੀ ਸਮੀਖਿਆ ਕਿਸਨੇ ਕੀਤੀ?**

ਇਸ ਪ੍ਰੋਜੈਕਟ ਨੂੰ ਯੂਨੀਵਰਸਿਟੀ ਆਫ਼ ਮੈਨਚੇਸਟਰ ਦੀ ਰਿਸਰਚ ਐਥਿਕਸ ਕਮੇਟੀ (University of Manchester's Research Ethics Committee) [2021-10455-17768] ਦੁਆਰਾ ਮਨਜ਼ੂਰੀ ਦਿੱਤੀ ਗਈ ਹੈ।

**ਖੋਜ ਪ੍ਰਾਜੈਕਟ ਲਈ ਫੰਡ ਦੀ ਸਹਾਇਤਾ ਕੌਣ ਕਰ ਰਿਹਾ ਹੈ?**

ਇਸ ਸਰਵੇਖਣ ਨੂੰ ਆਰਥਿਕ ਅਤੇ ਸਮਾਜਿਕ ਖੋਜ ਪਰਿਸ਼ਦ (Economic and Social Research Council-ESRC) ਦੁਆਰਾ ਫੰਡ ਦਿੱਤਾ ਗਿਆ ਹੈ।

**ਜੇਕਰ ਮੈਂ ਭਾਗ ਲੈਂਦਾ/ਲੈਂਦੀ ਹਾਂ, ਤਾਂ ਮੈਨੂੰ ਕੀ ਕਰਨ ਲਈ ਕਿਹਾ ਜਾਵੇਗਾ?**

ਪਹਿਲਾਂ ਤੁਹਾਨੂੰ ਇੱਕ ਛੋਟੇ ਰਜਿਸਟ੍ਰੇਸ਼ਨ ਸਰਵੇਖਣ ਵਿੱਚ ਕੁਝ ਸਵਾਲ ਪੁੱਛੇ ਜਾਣਗੇ, ਤਾਂ ਜੋ ਇਹ ਪਤਾ ਲਗਾਇਆ ਜਾ ਸਕੇ ਕਿ ਕੀ ਤੁਸੀਂ ਮੁੱਖ ਸਰਵੇਖਣ ਵਿੱਚ ਭਾਗ ਲੈਣ ਦੇ ਯੋਗ ਹੋ ਜਾਂ ਨਹੀਂ। ਜੇਕਰ ਤੁਸੀਂ ਯੋਗ ਹੋ, ਤਾਂ ਤੁਹਾਨੂੰ ਇੱਕ 30-ਮਿੰਟ ਦੇ ਆਨਲਾਈਨ ਸਰਵੇਖਣ ਵਿੱਚ ਭਾਗ ਲੈਣ ਲਈ ਕਿਹਾ ਜਾਵੇਗਾ, ਜਾਂ ਜੇਕਰ ਤੁਸੀਂ ਚਾਹੋਂ, ਤਾਂ ਤੁਹਾਨੂੰ ਕੋਵਿਡ-19 ਮਹਾਂਮਾਰੀ ਦੇ ਦੌਰਾਨ ਤੁਹਾਡੇ ਤਜ਼ਰਬਿਆਂ ਬਾਰੇ ਇੱਕ 40-ਮਿੰਟ ਦੀ ਟੈਲੀਫ਼ੋਨ ਸਰਵੇਖਣ ਸੰਬੰਧੀ ਇੰਟਰਵਿਊ ਲਈ ਕਿਹਾ ਜਾਵੇਗਾ।

**ਕੀ ਮੈਨੂੰ ਇਸ ਵਿੱਚ ਭਾਗ ਲੈਣ ਲਈ ਮੁਆਵਜ਼ਾ ਦਿੱਤਾ ਜਾਵੇਗਾ?**

ਜੇਕਰ ਤੁਸੀਂ ਮੁੱਖ ਸਰਵੇਖਣ ਕਰਨ ਦੇ ਯੋਗ ਹੋ ਅਤੇ ਇਸਨੂੰ ਪੂਰੀ ਤਰ੍ਹਾਂ ਪੂਰਾ ਕਰਦੇ ਹੋ, ਤਾਂ ਤੁਹਾਨੂੰ ਸਰਵੇਖਣ ਨੂੰ ਪੂਰਾ ਕਰਨ ਲਈ ਇੱਕ ਗਿਫਟ ਵਾਊਚਰ ਮਿਲੇਗਾ।

**ਜੇਕਰ ਮੈਂ ਭਾਗ ਨਹੀਂ ਲੈਣਾ ਚਾਹੁੰਦਾ/ਦੀ ਹਾਂ ਜਾਂ ਜੇਕਰ ਮੈਂ ਆਪਣਾ ਮਨ ਬਦਲ ਲਵਾਂ, ਤਾਂ ਕੀ ਹੋਵੇਗਾ?**

ਇਹ ਫ਼ੈਸਲਾ ਕਰਨਾ ਤੁਹਾਡੇ 'ਤੇ ਨਿਰਭਰ ਕਰਦਾ ਹੈ ਕਿ ਕੀ ਤੁਸੀਂ ਭਾਗ ਲੈਣਾ ਹੈ ਜਾਂ ਨਹੀਂ। ਜੇਕਰ ਤੁਸੀਂ ਭਾਗ ਲੈਣ ਦਾ ਫ਼ੈਸਲਾ ਕਰਦੇ ਹੋ, ਤਾਂ ਤੁਸੀਂ Ipsos MORI ਦੇ ਜਾਣਕਾਰੀ ਪੇਜ (evenssurveyinfo.ipsos-mori.com) ਰਾਹੀਂ ਇਸਨੂੰ ਐਕਸੈਸ ਕਰਕੇ ਇਸ ਸੰਖੇਪਿਤ ਸ਼ੀਟ ਨੂੰ ਆਨਲਾਈਨ ਦੇਖਣ ਦੇ ਯੋਗ ਹੋਵੋਂਗੇ। ਤੁਹਾਨੂੰ ਆਨਲਾਈਨ ਜਾਂ ਟੈਲੀਫ਼ੋਨ ਰਾਹੀਂ ਭਾਗ ਲੈਣ ਲਈ ਆਪਣੀ ਸਹਿਮਤੀ ਦੇਣ ਲਈ ਕਿਹਾ ਜਾਵੇਗਾ (ਜੇਕਰ ਤੁਸੀਂ ਟੈਲੀਫ਼ੋਨ ਰਾਹੀਂ ਭਾਗ ਲੈਂਦੇ ਹੋ, ਤਾਂ Ipsos MORI ਲੋੜ ਪੈਣ 'ਤੇ ਤੁਹਾਡੇ ਲਈ ਇਸ ਜਾਣਕਾਰੀ ਸ਼ੀਟ ਨੂੰ ਪੂਰਾ ਪੜ੍ਹ ਸਕਦਾ ਹੈ)। ਜੇਕਰ ਤੁਸੀਂ ਭਾਗ ਲੈਣ ਦਾ ਫੈਸਲਾ ਕਰਦੇ ਹੋ, ਤਾਂ ਤੁਸੀਂ ਹਾਲੇ ਵੀ ਬਿਨਾਂ ਕੋਈ ਕਾਰਨ ਦੱਸੇ ਅਤੇ ਆਪਣੇ-ਆਪ ਨੂੰ ਨੁਕਸਾਨ ਪਹੁੰਚਾਏ ਬਿਨਾਂ ਕਿਸੇ ਵੀ ਸਮੇਂ ਅਧਿਐਨ ਵਿੱਚੋਂ ਬਾਹਰ ਹੋਣ ਲਈ ਅਜ਼ਾਦ ਹੋ। ਇਹ ਤੁਹਾਡੀ ਡੇਟਾ ਸੁਰੱਖਿਆ ਸੰਬੰਧੀ ਅਧਿਕਾਰਾਂ ਨੂੰ ਪ੍ਰਭਾਵਿਤ ਨਹੀਂ ਕਰਦਾ। ਜੇਕਰ ਤੁਸੀਂ ਭਾਗ ਨਾ ਲੈਣ ਦਾ ਫ਼ੈਸਲਾ ਕਰਦੇ ਹੋ, ਤਾਂ ਤੁਹਾਨੂੰ ਅੱਗੇ ਕੁਝ ਕਰਨ ਦੀ ਜ਼ਰੂਰਤ ਨਹੀਂ ਹੈ।

**ਤੁਸੀਂ ਮੇਰੇ ਬਾਰੇ ਕਿਹੜੀ ਜਾਣਕਾਰੀ ਇਕੱਠੀ ਕਰੋਂਗੇ?**

ਇਸ ਖੋਜ ਪ੍ਰੋਜੈਕਟ ਵਿੱਚ ਭਾਗ ਲੈਣ ਲਈ, Ipsos MORI ਉਹ ਜਾਣਕਾਰੀ ਮੰਗੇਗਾ, ਜੋ ਤੁਹਾਡੀ ਪਛਾਣ ਕਰ ਸਕਦੀ ਹੈ, ਜਿਸਨੂੰ "ਨਿੱਜੀ ਪਛਾਣ ਯੋਗ ਜਾਣਕਾਰੀ" ਕਿਹਾ ਜਾਂਦਾ ਹੈ। ਖਾਸ ਤੌਰ 'ਤੇ, ਤੁਹਾਨੂੰ ਤੁਹਾਡੇ ਲਿੰਗ, ਉਮਰ, ਜਾਤੀ, ਧਰਮ, ਵਿਆਹੁਤਾ ਸਥਿਤੀ, ਜਿਨਸੀ ਰੁਝਾਨ, ਜਨਮ ਦਾ ਦੇਸ਼ ਅਤੇ ਡਾਕ ਕੋਡ ਬਾਰੇ ਪੁੱਛਿਆ ਜਾਵੇਗਾ।

ਸਰਵੇਖਣ ਦੇ ਅੰਤ 'ਤੇ Ipsos MORI ਤੁਹਾਡੀ ਇਜਾਜ਼ਤ ਦੇ ਨਾਲ, ਸੰਪਰਕ ਵੇਰਵਿਆਂ ਲਈ ਤੁਹਾਨੂੰ ਇੱਕ ਗਿਫਟ ਵਾਊਚਰ ਭੇਜਣ ਅਤੇ, ਦੁਬਾਰਾ ਫਿਰ ਤੁਹਾਡੀ ਇਜਾਜ਼ਤ ਦੇ ਨਾਲ, ਸਾਡੇ ਨਾਲ (the University of Manchester) ਨਾਲ ਸੰਪਰਕ ਵੇਰਵੇ ਸਾਂਝੇ ਕਰੇਗਾ, ਤਾਂ ਜੋ ਅਸੀਂ ਤੁਹਾਨੂੰ ਈਮੇਲ, ਪੋਸਟ ਜਾਂ ਟੈਕਸਟ ਸੰਦੇਸ਼ ਦੁਆਰਾ ਭਵਿੱਖ ਦੇ ਅਧਿਐਨਾਂ ਵਿੱਚ ਭਾਗ ਲੈਣ ਲਈ ਸੱਦਾ ਦੇ ਸਕੀਏ।

**ਤੁਸੀਂ ਕਿਸ ਕਾਨੂੰਨੀ ਅਧਾਰ 'ਤੇ ਇਹ ਜਾਣਕਾਰੀ ਇਕੱਤਰ ਕਰ ਰਹੇ ਹੋ?**

The University of Manchester ਅਤੇ Ipsos MORI ਇਸ ਨਿੱਜੀ ਪਛਾਣ ਯੋਗ ਜਾਣਕਾਰੀ ਨੂੰ ਡੇਟਾ ਸੁਰੱਖਿਆ ਸੰਬੰਧੀ ਕਾਨੂੰਨ ਦੇ ਅਨੁਸਾਰ ਇਕੱਤਰ ਕਰ ਰਹੇ ਹਨ ਅਤੇ ਸਟੋਰ ਕਰ ਰਹੇ ਹਨ, ਜੋ ਤੁਹਾਡੇ ਅਧਿਕਾਰਾਂ ਦੀ ਰੱਖਿਆ ਕਰਦਾ ਹੈ। ਇਹ ਦੱਸਦੇ ਹਨ ਕਿ ਸਾਡੇ ਕੋਲ ਤੁਹਾਡਾ ਡੇਟਾ ਇਕੱਤਰ ਕਰਨ ਲਈ ਇੱਕ ਕਾਨੂੰਨੀ ਅਧਾਰ (ਖਾਸ ਕਾਰਨ) ਹੋਣਾ ਚਾਹੀਦਾ ਹੈ। ਇਸ ਅਧਿਐਨ ਲਈ, Ipsos MORI ਦੁਆਰਾ ਡੇਟਾ ਇਕੱਤਰ ਕਰਨ ਦਾ ਖਾਸ ਕਾਰਨ "ਖੋਜ ਵਿੱਚ ਭਾਗ ਲੈਣ ਲਈ ਸਹਿਮਤੀ" ਅਤੇ "ਮੈਨਚੇਸਟਰ ਯੂਨੀਵਰਸਿਟੀ ਨੂੰ ਆਪਣਾ ਡੇਟਾ ਭੇਜਣ ਦੀ ਸਹਿਮਤੀ" ਹੈ। ਜਦੋਂ ਮੈਨਚੇਸਟਰ ਯੂਨੀਵਰਸਿਟੀ ਡੇਟਾ ਦਾ ਵਿਸ਼ਲੇਸ਼ਣ ਕਰਦੀ ਹੈ, ਤਾਂ ਇਸ ਦਾ ਖਾਸ ਕਾਰਨ ਇਹ ਹੈ ਕਿ ਇਹ "ਇੱਕ ਜਨਤਕ ਹਿੱਤ ਕਾਰਜ" ਅਤੇ "ਖੋਜ ਦੇ ਉਦੇਸ਼ਾਂ ਲਈ ਲੋੜੀਂਦੀ ਪ੍ਰਕਿਰਿਆ" ਹੈ।

**ਤੁਸੀਂ ਮੇਰੇ ਬਾਰੇ ਜੋ ਜਾਣਕਾਰੀ ਇਕੱਤਰ ਕਰੋਗੇ, ਉਸਦੇ ਸੰਬੰਧ ਵਿੱਚ ਮੇਰੇ ਕੀ ਅਧਿਕਾਰ ਹਨ?**

ਤੁਹਾਡੀ ਨਿੱਜੀ ਜਾਣਕਾਰੀ ਦੇ ਸੰਬੰਧ ਵਿੱਚ ਤੁਹਾਡੇ ਕੋਲ ਡੇਟਾ ਸੁਰੱਖਿਆ ਸੰਬੰਧੀ ਕਨੂੰਨ ਦੇ ਤਹਿਤ ਬਹੁਤ ਸਾਰੇ ਅਧਿਕਾਰ ਹਨ। ਤੁਹਾਡੇ ਕੋਲ ਕਿਸੇ ਵੀ ਨਿੱਜੀ ਡੇਟਾ ਤੱਕ ਪਹੁੰਚ ਦੀ ਬੇਨਤੀ ਕਰਨ, ਆਪਣੀ ਸਹਿਮਤੀ ਵਾਪਸ ਲੈਣ ਜਾਂ Ipsos MORI ਦੁਆਰਾ 31 ਜੁਲਾਈ 2021 ਤੋਂ ਪਹਿਲਾਂ ਰੱਖੇ ਗਏ ਤੁਹਾਡੇ ਨਿੱਜੀ ਡੇਟਾ ਦੀ ਪ੍ਰਕਿਰਿਆ ਕਰਨ 'ਤੇ ਇਤਰਾਜ਼ ਕਰਨ ਦਾ ਅਧਿਕਾਰ ਹੈ (ਉਹ ਇਸ ਅਧਿਐਨ ਵਿੱਚ ਆਪਣੀ ਭੂਮਿਕਾ ਨੂੰ ਪੂਰਾ ਕਰਨ ਲਈ ਸਿਰਫ਼ ਉਦੋਂ ਤੱਕ ਤੁਹਾਡੇ ਡੇਟਾ ਨੂੰ ਰੱਖਣਗੇ - ਤੁਹਾਨੂੰ ਸਰਵੇਖਣ ਲਿੰਕ, ਗਿਫਟ ਵਾਊਚਰ ਭੇਜਣ ਅਤੇ ਮੈਨਚੇਸਟਰ ਯੂਨੀਵਰਸਿਟੀ ਨੂੰ ਡੇਟਾ ਟ੍ਰਾਂਸਫਰ ਕਰਨ ਲਈ)। 17 ਮਈ 2021 ਨੂੰ ਮੈਨਚੇਸਟਰ ਯੂਨੀਵਰਸਿਟੀ ਵਿੱਚ Ipsos MORI ਦੁਆਰਾ ਡਿਲਿਵਰੀ ਕਰਨ ਲਈ ਡੇਟਾ ਦੀ ਪ੍ਰਕਿਰਿਆ ਕਰਨ ਤੋਂ ਪਹਿਲਾਂ ਤੁਸੀਂ ਕਿਸੇ ਵੀ ਸਮੇਂ ਦਿੱਤੇ ਗਏ ਸਰਵੇਖਣ ਦੇ ਜਵਾਬਾਂ ਦੀ ਪ੍ਰਕਿਰਿਆ ਕਰਨ 'ਤੇ ਇਤਰਾਜ਼ ਕਰ ਸਕਦੇ ਹੋ। ਮੈਨਚੇਸਟਰ ਯੂਨੀਵਰਸਿਟੀ ਦੁਆਰਾ ਰੱਖੇ ਗਏ ਸੰਪਰਕ ਵੇਰਵਿਆਂ ਲਈ ਤੁਸੀਂ 31 ਜੁਲਾਈ 2026 ਤੋਂ ਪਹਿਲਾਂ ਰੱਖੀ ਜਾਣ ਵਾਲੀ ਆਪਣੀ ਸਹਿਮਤੀ ਵਾਪਸ ਲੈ ਸਕਦੇ ਹੋ, ਜਦੋਂ ਉਹ ਨਸ਼ਟ ਹੋ ਜਾਣਗੇ, ਜਦੋਂ ਤੱਕ ਕਿ ਉਹਨਾਂ ਨੂੰ ਜਲਦੀ ਨਸ਼ਟ ਨਹੀਂ ਕੀਤਾ ਜਾਂਦਾ, ਜੇਕਰ ਮੈਨਚੇਸਟਰ ਯੂਨੀਵਰਸਿਟੀ ਇਹ ਫ਼ੈਸਲਾ ਕਰਦੀ ਹੈ ਕਿ ਉਨ੍ਹਾਂ ਨੂੰ ਧਾਰਨ ਅਵਧੀ ਦੇ ਪੂਰੇ ਸਮੇਂ ਲਈ ਰੱਖਣਾ ਜ਼ਰੂਰੀ ਨਹੀਂ ਹੈ, ਉਦਾਹਰਨ ਵਜੋਂ, ਅਜਿਹੀ ਸਥਿਤੀ ਵਿੱਚ ਜਦੋਂ ਭਵਿੱਖ ਦੀ ਖੋਜ ਉਮੀਦ ਤੋਂ ਪਹਿਲਾਂ ਸਮਾਪਤ ਹੁੰਦੀ ਹੈ।

ਜੇਕਰ ਤੁਸੀਂ ਆਪਣੇ ਵੱਖੋ-ਵੱਖਰੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ ਪ੍ਰਾਪਤ ਕਰਨਾ ਚਾਹੁੰਦੇ ਹੋ ਜਾਂ ਜੇਕਰ ਤੁਸੀਂ ਇਹ ਜਾਣਨਾ ਚਾਹੁੰਦੇ ਹੋ ਕਿ ਅਸੀਂ ਕਾਨੂੰਨ ਦੀ ਪਾਲਣਾ ਕਰਕੇ ਤੁਹਾਡੀ ਨਿੱਜੀ ਜਾਣਕਾਰੀ ਦੀ ਵਰਤੋਂ ਕਿਵੇਂ ਕਰਾਂਗੇ, ਤਾਂ ਕਿਰਪਾ ਕਰਕੇ

ਮੈਨਚੇਸਟਰ ਯੂਨੀਵਰਸਿਟੀ [ਖੋਜ ਲਈ ਗੁਪਤਤਾ ਦਾ ਨੋਟਿਸ] ਅਤੇ Ipsos MORI ਦਾ ਗੁਪਪਤਾ ਦਾ ਨੋਟਿਸ ਦੇਖੋ ਜੋ ਕਿ ਸਰਵੇਖਣ ਜਾਣਕਾਰੀ ਦੇ ਪੰਨੇ 'ਤੇ ਪਾਏ ਜਾ ਸਕਦੇ ਹਨ: evenssurveyinfo.ipsos-mori.com

**ਕੀ ਅਧਿਐਨ ਵਿੱਚ ਮੇਰੀ ਭਾਗੀਦਾਰੀ ਗੁਪਤ ਰਹੇਗੀ ਅਤੇ ਮੇਰੀ ਨਿੱਜੀ ਪਛਾਣਯੋਗ ਜਾਣਕਾਰੀ ਸੁਰੱਖਿਅਤ ਕੀਤੀ ਜਾਵੇਗੀ?**

ਹਾਂ। ਇਸਦਾ ਇਕੋ ਇੱਕ ਅਪਵਾਦ ਇਹ ਹੈ ਕਿ ਜੇਕਰ ਤੁਸੀਂ ਅਜਿਹੀ ਜਾਣਕਾਰੀ ਜ਼ਾਹਰ ਕਰਦੇ ਹੋ, ਜਿਸ ਨਾਲ ਤੁਸੀਂ ਆਪਣੇ-ਆਪ ਨੂੰ ਜਾਂ ਦੂਜਿਆਂ ਨੂੰ ਨੁਕਸਾਨ ਪਹੁੰਚਾਉਣਾ ਚਾਹੁੰਦੇ ਹੋ; ਇਸ ਬਾਰੇ ਤੁਹਾਡੇ ਨਾਲ ਵਿਚਾਰ-ਵਟਾਂਦਰੇ ਕੀਤੇ ਜਾਣਗੇ ਅਤੇ ਅਗਲੀ ਕਾਰਵਾਈ ਕਰਨ - ਪੁਲਿਸ, ਐਂਬੂਲੈਂਸ ਜਾਂ ਸਮਾਜਿਕ ਸੇਵਾਵਾਂ ਨਾਲ ਸੰਪਰਕ ਕਰਨ - ਦੀ ਜ਼ਰੂਰਤ ਪੈ ਸਕਦੀ ਹੈ।

ਡੇਟਾ ਸੁਰੱਖਿਆ ਸੰਬੰਧੀ ਕਾਨੂੰਨ ਦੇ ਅਨੁਸਾਰ, ਮੈਨਚੇਸਟਰ ਯੂਨੀਵਰਸਿਟੀ ਅਤੇ Ipsos MORI ਇਸ ਪ੍ਰੋਜੈਕਟ ਲਈ ਡੇਟਾ ਕੰਟਰੋਲਰ ਹਨ। ਇਸਦਾ ਮਤਲਬ ਇਹ ਹੈ ਕਿ ਅਸੀਂ ਇਹ ਯਕੀਨੀ ਬਣਾਉਣ ਲਈ ਜ਼ਿੰਮੇਵਾਰ ਹਾਂ ਕਿ ਤੁਹਾਡੀ ਨਿੱਜੀ ਜਾਣਕਾਰੀ ਨੂੰ ਸੁਰੱਖਿਅਤ, ਗੁਪਤ ਰੱਖਿਆ ਜਾਵੇ ਅਤੇ ਸਿਰਫ਼ ਤੁਹਾਡੇ ਵੱਲੋਂ ਦੱਸੇ ਗਏ ਤਰੀਕੇ ਨਾਲ ਹੀ ਇਸਦੀ ਵਰਤੋਂ ਕੀਤੀ ਜਾਵੇਗੀ। ਸਾਰੇ ਖੋਜਕਰਤਾਵਾਂ ਨੂੰ ਇਸ ਗੱਲ ਨੂੰ ਧਿਆਨ ਵਿੱਚ ਰੱਖਦਿਆਂ ਸਿਖਲਾਈ ਦਿੱਤੀ ਜਾਂਦੀ ਹੈ, ਅਤੇ ਤੁਹਾਡੇ ਡੇਟਾ ਨੂੰ ਹੇਠ ਲਿਖੇ ਤਰੀਕਿਆਂ ਨਾਲ ਦੇਖਿਆ ਜਾਵੇਗਾ।

ਤੁਹਾਡੇ ਸੰਪਰਕ ਵੇਰਵੇ ਅਤੇ ਸਹਿਮਤੀ ਦਾ ਰਿਕਾਰਡ ਤੁਹਾਡੇ ਵਿਅਕਤੀਗਤ ਜਵਾਬਾਂ ਤੋਂ ਵੱਖਰੇ ਤੌਰ 'ਤੇ ਸਟੋਰ ਕੀਤਾ ਜਾਵੇਗਾ ਅਤੇ ਸਿਰਫ਼ Ipsos MORI ਦੀ ਅਧਿਐਨ ਟੀਮ ਅਤੇ ਮੈਨਚੇਸਟਰ ਯੂਨੀਵਰਸਿਟੀ ਦੇ ਨਿਰਧਾਰਤ ਖੋਜਕਰਤਾਵਾਂ ਲਈ ਪਹੁੰਚਯੋਗ ਹੋਣਗੇ। ਜੇਕਰ ਤੁਸੀਂ ਮੈਨਚੇਸਟਰ ਯੂਨੀਵਰਸਿਟੀ ਦੁਆਰਾ ਭਵਿੱਖ ਦੇ ਸਮਾਨ ਵਿਸ਼ਿਆਂ 'ਤੇ ਖੋਜ ਬਾਰੇ ਮੁੜ-ਵਿਚਾਰ ਕਰਨ ਲਈ ਸਹਿਮਤ ਹੋ, ਤਾਂ ਯੂਨੀਵਰਸਿਟੀ ਦੇ ਖੋਜਕਰਤਾ ਤੁਹਾਨੂੰ ਭਾਗ ਲੈਣ ਲਈ ਸੱਦਾ ਦੇਣ ਵਾਸਤੇ ਫਾਈਲਾਂ ਨੂੰ ਲਿੰਕ ਕਰਨ ਦੇ ਯੋਗ ਹੋਣਗੇ। ਤੁਸੀਂ ਕਿਸੇ ਵੀ ਸਮੇਂ ਭਵਿੱਖ ਦੇ ਸੰਪਰਕ ਲਈ ਡੇਟਾਬੇਸ ਤੋਂ ਹਟਾਉਣ ਦੀ ਬੇਨਤੀ ਕਰ ਸਕਦੇ ਹੋ।

ਤੁਹਾਡੇ ਸੰਪਰਕ ਵੇਰਵੇ ਅਤੇ ਵਿਅਕਤੀਗਤ ਜਵਾਬ, ਪਹਿਲਾਂ Ipsos MORI ਦੁਆਰਾ ਆਪਣੇ ਸੁਰੱਖਿਅਤ ਇਨਕ੍ਰਿਪਟਡ ਡੇਟਾ ਸਰਵਰਾਂ ਦੀ ਵਰਤੋਂ ਕਰਦੇ ਹੋਏ (ਸਿਰਫ਼ Ipsos MORI ਦੇ ਖੋਜਕਰਤਾਵਾਂ ਕੋਲ ਤੁਹਾਡੇ ਡੇਟਾ ਤੱਕ ਪਹੁੰਚ ਹੈ, ਜਦੋਂ ਕਿ ਇਹ ਉਹਨਾਂ ਨਾਲ ਸਟੋਰ ਕੀਤੇ ਜਾਂਦੇ ਹਨ) ਵੱਖਰੇ ਤੌਰ 'ਤੇ ਸਟੋਰ ਕੀਤੇ ਜਾਣਗੇ। ਇੱਕ ਵਾਰ ਪ੍ਰੋਜੈਕਟ ਦੇ ਅੰਤ ਤੋਂ ਤਿੰਨ ਮਹੀਨਿਆਂ ਦੇ ਅੰਦਰ, ਮੈਨਚੈਸਟਰ ਯੂਨੀਵਰਸਿਟੀ ਦੇ ਖੋਜਕਰਤਾਵਾਂ ਨੂੰ ਡੇਟਾ ਭੇਜਣ ਤੋਂ ਬਾਅਦ Ipsos MORI ਤੁਹਾਡੇ ਸੰਪਰਕ ਵੇਰਵਿਆਂ ਦੇ ਉਨ੍ਹਾਂ ਦੇ ਰਿਕਾਰਡ ਨੂੰ ਸੁਰੱਖਿਅਤ ਢੰਗ ਨਾਲ ਨਸ਼ਟ ਕਰ ਦੇਵੇਗਾ।

ਇੱਕ ਵਾਰ ਸੰਪਰਕ ਵੇਰਵਿਆਂ ਅਤੇ ਵਿਅਕਤੀਗਤ ਜਵਾਬਾਂ ਨੂੰ ਮੈਨਚੇਸਟਰ ਯੂਨੀਵਰਸਿਟੀ ਵਿਖੇ ਖੋਜਕਰਤਾਵਾਂ ਨੂੰ ਭੇਜਣ 'ਤੇ, ਉਹ ਯੂਨੀਵਰਸਿਟੀ ਵਿਖੇ ਬਹੁਤ ਜ਼ਿਆਦਾ ਸੁਰੱਖਿਅਤ ਖੋਜ ਸਰਵਰਾਂ 'ਤੇ ਵੱਖਰੇ ਤੌਰ 'ਤੇ ਸਟੋਰ ਕੀਤੇ ਜਾਣਗੇ ਅਤੇ ਇਹਨਾਂ ਨੂੰ ਪੰਜ ਸਾਲਾਂ ਤੱਕ ਬਰਕਰਾਰ ਰੱਖਿਆ ਜਾਵੇਗਾ। ਇਸ ਸਮੇਂ ਤੋਂ ਬਾਅਦ, ਤੁਹਾਡੇ ਸੰਪਰਕ ਵੇਰਵੇ ਨਸ਼ਟ ਕਰ ਦਿੱਤੇ ਜਾਣਗੇ ਅਤੇ ਸਰਵੇਖਣ ਡੇਟਾ ਪੂਰੀ ਤਰ੍ਹਾਂ ਗੁੰਮਨਾਮ ਹੋ ਜਾਵੇਗਾ।

ਜੇਕਰ ਤੁਸੀਂ ਟੈਲੀਫ਼ੋਨ 'ਤੇ ਸਰਵੇਖਣ ਨੂੰ ਪੂਰਾ ਕਰਨਾ ਚਾਹੁੰਦੇ ਹੋ, ਤਾਂ ਟੈਲੀਫ਼ੋਨ ਸਰਵੇਖਣ ਦੀ ਇੰਟਰਵਿਊ, ਕੁਆਲਟੀ ਕੰਟਰੋਲ ਦੇ ਉਦੇਸ਼ਾਂ ਲਈ ਰਿਕਾਰਡ ਕੀਤੀ ਜਾ ਸਕਦੀ ਹੈ। Ipsos MORI ਦੁਆਰਾ ਸਟੋਰ ਕੀਤੀ ਜਾਣ ਵਾਲੀਆਂ ਟੈਲੀਫ਼ੋਨ ਇੰਟਰਵਿਊ ਦੀਆਂ ਆਡੀਓ ਰਿਕਾਰਡਿੰਗਾਂ, ਡੇਟਾ ਇਕੱਤਰ ਕਰਨ ਦੀ ਮਿਆਦ ਦੇ ਸਮਾਪਤ ਹੋਣ ਤੋਂ 3 ਮਹੀਨਿਆਂ ਦੇ ਅੰਦਰ-ਅੰਦਰ ਮਿਟਾ ਦਿੱਤੀਆਂ ਜਾਣਗੀਆਂ।

ਇੱਕ ਪੂਰੀ ਤਰ੍ਹਾਂ ਗੁੰਮਨਾਮ ਡੇਟਾ ਸੈੱਟ, ਯੂ.ਕੇ. ਡੇਟਾ ਸਰਵਿਸ ਵਿੱਚ ਵੀ ਜਮ੍ਹਾ ਕੀਤਾ ਜਾਵੇਗਾ ਅਤੇ ਹੋਰ ਖੋਜਕਰਤਾਵਾਂ ਦੁਆਰਾ ਵਰਤੋਂ ਕਰਨ ਲਈ ਉਪਲਬਧ ਹੋਵੇਗਾ। ਇਸ ਸਰਵੇਖਣ ਤੋਂ ਪ੍ਰਕਾਸ਼ਿਤ ਹੋਣ ਵਾਲੇ ਨਤੀਜਿਆਂ ਜਾਂ ਇਸ ਡੇਟਾ ਵਿੱਚ ਕੋਈ ਵੀ ਵਿਅਕਤੀ ਤੁਹਾਨੂੰ ਪਛਾਣ ਨਹੀਂ ਸਕੇਗਾ।

ਕਿਰਪਾ ਕਰਕੇ ਇਹ ਵੀ ਨੋਟ ਕਰੋ ਕਿ ਮੈਨਚੇਸਟਰ ਯੂਨੀਵਰਸਿਟੀ ਜਾਂ ਰੈਗੂਲੇਟਰੀ ਅਥਾਰਟੀ ਦੇ ਵਿਅਕਤੀਆਂ ਨੂੰ ਇਸ ਅਧਿਐਨ ਲਈ ਇਕੱਤਰ ਕੀਤੇ ਡੇਟਾ ਨੂੰ ਦੇਖਣ ਦੀ ਜ਼ਰੂਰਤ ਹੋ ਸਕਦੀ ਹੈ, ਤਾਂ ਜੋ ਇਹ ਯਕੀਨੀ ਬਣਾਇਆ ਜਾ ਸਕੇ ਕਿ ਪ੍ਰੋਜੈਕਟ ਯੋਜਨਾਬੱਧ ਤਰੀਕੇ ਅਨੁਸਾਰ ਚੱਲ ਰਿਹਾ ਹੈ। ਇਸ ਵਿੱਚ ਪਛਾਣਯੋਗ ਡੇਟਾ ਨੂੰ ਦੇਖਣਾ ਸ਼ਾਮਲ ਹੋ ਸਕਦਾ ਹੈ। ਅਧਿਐਨ ਦੇ ਲੇਖਾ-ਪੜਤਾਲ ਅਤੇ ਨਿਗਰਾਨੀ ਵਿੱਚ ਸ਼ਾਮਲ ਸਾਰੇ ਵਿਅਕਤੀਆਂ ਕੋਲ ਇੱਕ ਖੋਜ ਭਾਗੀਦਾਰ ਵਜੋਂ ਤੁਹਾਡੀ ਗੁਪਨੀਯਤਾ ਦਾ ਸਖ਼ਤ ਕਰਤੱਵ ਹੋਵੇਗਾ।

**ਜੇਕਰ ਮੈਂ ਸ਼ਿਕਾਇਤ ਕਰਨਾ ਚਾਹੁੰਦਾ/ਦੀ ਹਾਂ, ਤਾਂ ਕੀ ਹੋਵੇਗਾ?**

ਜੇਕਰ ਤੁਹਾਡੀ ਕੋਈ ਸ਼ਿਕਾਇਤ ਹੈ ਜੋ ਤੁਸੀਂ ਖੋਜ ਟੀਮ ਦੇ ਮੈਂਬਰਾਂ ਨੂੰ ਭੇਜਣਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ ਡਾ. ਨਿਸਾ ਫਿੰਨੇ (Dr Nissa Finney) (Nissa.Finney@st-andrews.ac.uk) ਜਾਂ ਪ੍ਰੋਫੈਸਰ ਜੇਮਸ ਨਜ਼ਰੂ (Professor James Nazroo) (james.nazroo@manchester.ac.uk) ਨਾਲ ਸੰਪਰਕ ਕਰੋ।

ਜੇਕਰ ਤੁਸੀਂ ਕਿਸੇ ਖੋਜ ਟੀਮ ਤੋਂ ਅਜ਼ਾਦ ਕਿਸੇ ਵਿਅਕਤੀ ਨੂੰ ਰਸਮੀ ਸ਼ਿਕਾਇਤ ਕਰਨਾ ਚਾਹੁੰਦੇ ਹੋ ਜਾਂ ਜੇਕਰ ਤੁਸੀਂ ਖੋਜਕਰਤਾਵਾਂ ਤੋਂ ਪਹਿਲੀ ਵਾਰ ਪ੍ਰਾਪਤ ਕੀਤੇ ਜਵਾਬ ਤੋਂ ਸੰਤੁਸ਼ਟ ਨਹੀਂ ਹੋ, ਤਾਂ ਕਿਰਪਾ ਕਰਕੇ ਇਸ ਪਤੇ 'ਤੇ ਸੰਪਰਕ ਕਰੋ:

TheResearch Ethics Manager, Research Office, Christie Building, The University of Manchester, Oxford Road, Manchester, M13 9PL, ਈਮੇਲ ਰਾਹੀਂ: research.complaints@manchester.ac.uk ਜਾਂ ਟੈਲੀਫ਼ੋਨ ਰਾਹੀਂ 0161 275 2674।

ਜੇਕਰ ਤੁਸੀਂ ਆਪਣੇ ਡੇਟਾ ਸੁਰੱਖਿਆ ਸੰਬੰਧੀ ਅਧਿਕਾਰਾਂ ਬਾਰੇ ਸਾਡੇ ਨਾਲ ਸੰਪਰਕ ਕਰਨਾ ਚਾਹੁੰਦੇ ਹੋ, ਤਾਂ ਕਿਰਪਾ ਕਰਕੇ dataprotection@manchester.ac.uk 'ਤੇ ਈਮੇਲ ਕਰੋ ਜਾਂ ਯੂਨੀਵਰਸਿਟੀ ਵਿਖੇ The Information Governance Office, Christie Building, The University of Manchester, Oxford Road, M13 9PL 'ਤੇ ਲਿਖੋ ਅਤੇ ਅਸੀਂ ਤੁਹਾਡੇ ਅਧਿਕਾਰਾਂ ਦੀ ਵਰਤੋਂ ਕਰਨ ਦੀ ਪ੍ਰਕਿਰਿਆ ਵਿੱਚ ਤੁਹਾਡਾ ਮਾਰਗ-ਦਰਸ਼ਨ ਕਰਾਂਗੇ।

ਤੁਹਾਡੇ ਕੋਲ ਆਪਣੀ ਨਿੱਜੀ ਪਛਾਣਯੋਗ ਜਾਣਕਾਰੀ ਨਾਲ ਸੰਬੰਧਿਤ ਸ਼ਿਕਾਇਤਾਂ ਬਾਰੇ ਸੂਚਨਾ ਕਮਿਸ਼ਨਰ ਦੇ ਦਫ਼ਤਰ ਵਿੱਚ ਟੈਲੀਫ਼ੋਨ 0303 123 1113 'ਤੇ ਸ਼ਿਕਾਇਤ ਕਰਨ ਦਾ ਵੀ ਅਧਿਕਾਰ ਹੈ

**ਸੰਪਰਕ ਵੇਰਵੇ**

ਜੇਕਰ ਤੁਸੀਂ ਅਧਿਐਨ ਵਿੱਚ ਭਾਗ ਲੈਣਾ ਚਾਹੁੰਦੇ ਹੋ, ਤਾਂ ਤੁਸੀਂ ਰਜਿਸਟ੍ਰੇਸ਼ਨ ਸਰਵੇਖਣ ਇੱਥੇ ਐਕਸੈਸ ਕਰ ਸਕਦੇ ਹੋ: https://surveys.ipsosinteractive.com/surveys/?p=jZt9VfdUz0lpKjKSVU19dx7XQulvdp%2bHMIFDym5IOKg3UL40L4YcPmzT3Zhgs2XRRcsH3f9aYbvF9XZJqv9RXf%2f2dlVd2Xvs3qZdmM5qxS4%3d&id=partxtest]

ਜੇਕਰ ਅਧਿਐਨ ਬਾਰੇ ਕੋਈ ਸਵਾਲ ਹਨ, ਤਾਂ ਤੁਸੀਂ Ipsos MORI ਦੇ ਸਮਰਪਿਤ ਜਾਣਕਾਰੀ ਪੰਨੇ 'ਤੇ ਜਾ ਸਕਦੇ ਹੋ: evenssurveyinfo.ipsos-mori.com

ਜੇਕਰ ਤੁਸੀਂ Ipsos MORI ਦੇ ਜਾਣਕਾਰੀ ਪੰਨੇ 'ਤੇ ਆਪਣੇ ਸਵਾਲਾਂ ਦੇ ਜਵਾਬ ਨਹੀਂ ਲੱਭ ਸਕਦੇ ਜਾਂ ਟੈਲੀਫ਼ੋਨ ਰਾਹੀਂ ਭਾਗ ਲੈਣਾ ਚਾਹੁੰਦੇ ਹੋ, ਤਾਂ ਤੁਸੀਂ ਹੇਠਾਂ ਦਿੱਤੇ ਸੰਪਰਕ ਵੇਰਵਿਆਂ ਦੀ ਵਰਤੋਂ ਕਰਕੇ Ipsos MORI ਨਾਲ ਸਿੱਧੇ ਤੌਰ 'ਤੇ ਸੰਪਰਕ ਕਰ ਸਕਦੇ ਹੋ:

- Ipsos MORI ਦੇ ਜਾਣਕਾਰੀ ਪੇਜ 'ਤੇ ਜਵਾਬ ਨਾ ਦਿੱਤੇ ਗਏ ਕਿਸੇ ਵੀ ਵਾਧੂ ਸਵਾਲ ਲਈ, ਕਿਰਪਾ ਕਰਕੇ ਇਸ ਪਤੇ 'ਤੇ ਈਮੇਲ ਕਰੋ: **evenssurvey@ipsos-mori.com**

- **ਅੰਗਰੇਜ਼ੀ ਭਾਸ਼ਾ** ਵਿੱਚ ਟੈਲੀਫ਼ੋਨ ਰਾਹੀਂ ਭਾਗ ਲੈਣ ਜਾਂ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਹੇਠ ਦਿੱਤੇ ਮੁਫ਼ਤ ਫ਼ੋਨ ਨੰਬਰ 'ਤੇ ਕਾਲ ਕਰੋ: **0808 1296800** (ਇਹ ਇੱਕ ਵੌਇਸਮੇਲ ਸੇਵਾ ਹੈ, ਕਿਰਪਾ ਕਰਕੇ ਆਪਣੇ ਸੰਪਰਕ ਵੇਰਵੇ ਦੱਸੋ ਅਤੇ ਕੋਈ ਵਿਅਕਤੀ ਤੁਹਾਡੇ ਸਵਾਲ ਦਾ ਜਵਾਬ ਦੇਣ ਲਈ ਮਦਦ ਕਰਨ ਵਾਸਤੇ ਤੁਹਾਨੂੰ ਕਾਲ ਕਰੇਗਾ ਜਾਂ ਇਹ ਦੇਖਣ ਲਈ ਰਜਿਸਟ੍ਰੇਸ਼ਨ ਸਰਵੇਖਣ ਕਰਵਾਏਗਾ ਕਿ ਕੀ ਤੁਸੀਂ ਮੁੱਖ ਸਰਵੇਖਣ ਦੇ ਯੋਗ ਹੋ)

- **ਹੇਠ ਨਿਰਧਾਰਤ ਕੀਤੀਆਂ ਭਾਸ਼ਾਵਾਂ ਵਿੱਚੋਂ ਕਿਸੇ ਇੱਕ ਭਾਸ਼ਾ ਵਿੱਚ** ਟੈਲੀਫ਼ੋਨ ਰਾਹੀਂ ਭਾਗ ਲੈਣ ਜਾਂ ਵਧੇਰੇ ਜਾਣਕਾਰੀ ਲਈ, ਕਿਰਪਾ ਕਰਕੇ ਹੇਠਾਂ ਦਿੱਤੇ ਕਿਸੇ ਮੁਫ਼ਤ ਫ਼ੋਨ ਨੰਬਰਾਂ 'ਤੇ ਕਾਲ ਕਰੋ (ਇਹ ਇੱਕ ਵੌਇਸਮੇਲ ਪੁਨਰ-ਪ੍ਰਾਪਤੀ ਸੇਵਾ ਹੈ, ਕਿਰਪਾ ਕਰਕੇ ਆਪਣੇ ਸੰਪਰਕ ਵੇਰਵਿਆਂ ਨੂੰ ਛੱਡੋ ਅਤੇ ਕੋਈ ਵਿਅਕਤੀ ਤੁਹਾਡੇ ਸਵਾਲ ਦਾ ਜਵਾਬ ਦੇਣ ਲਈ ਮਦਦ ਕਰਨ ਵਾਸਤੇ ਤੁਹਾਨੂੰ ਕਾਲ ਕਰੇਗਾ ਜਾਂ ਇਹ ਦੇਖਣ ਲਈ ਰਜਿਸਟ੍ਰੇਸ਼ਨ ਸਰਵੇਖਣ ਕਰਵਾਏਗਾ ਕਿ ਕੀ ਤੁਸੀਂ ਮੁੱਖ ਸਰਵੇਖਣ ਦੇ ਯੋਗ ਹੋ)

| **ਭਾਸ਼ਾ** | **ਮੁਫਤ ਫੋਨ ਨੰਬਰ** |
|---|---|
| ਅਰਬੀ | 0800 470 2983 |
| ਬੰਗਾਲੀ | 0800 470 2965 |
| ਚੀਨੀ | 0800 470 2986 |
| ਗੁਜਰਾਤੀ | 0800 470 2989 |
| ਪੌਲਿਸ਼ | 0800 470 2987 |
| ਪੁਰਤਗਾਲੀ | 0800 470 2977 |
| ਪੰਜਾਬੀ: ਗੁਰਮੁਖੀ | 0800 470 2978 |
| ਪੰਜਾਬੀ: ਸ਼ਾਹਮੁਖੀ | 0800 470 2979 |
| ਰੋਮੇਨਿਆਈ | 0800 470 2980 |
| ਸੋਮਾਲੀ | 0800 470 2981 |
| ਤੁਰਕੀ | 0800 470 2982 |
| ਉਰਦੂ | 0800 470 2984 |
| ਵੈਲਸ਼ | 0800 470 2985 |

**ਇੱਥੇ ਅਜਿਹੀਆਂ ਬਹੁਤ ਸਾਰੀਆਂ ਸੰਸਥਾਵਾਂ ਵੀ ਸੂਚੀਬੱਧ ਹਨ, ਜਿਨ੍ਹਾਂ ਨਾਲ ਤੁਸੀਂ ਸਹਾਇਤਾ ਲਈ ਸੰਪਰਕ ਕਰ ਸਕਦੇ ਹੋ:**

***AGE UK***

Age UK ਦੀ ਸਲਾਹ ਲਾਈਨ ਬਜ਼ੁਰਗਾਂ, ਉਹਨਾਂ ਦੇ ਪਰਿਵਾਰਾਂ, ਮਿੱਤਰਾਂ, ਦੇਖਭਾਲਕਰਤਾਵਾਂ ਅਤੇ ਪੇਸ਼ੇਵਰਾਂ ਲਈ ਇੱਕ ਮੁਫਤ, ਗੁਪਤ ਰਾਸ਼ਟਰੀ ਫੋਨ ਸੇਵਾ ਹੈ। ਟੀਮ ਤੁਹਾਨੂੰ ਵਿਸ਼ਵਾਸਯੋਗ ਅਤੇ ਨਵੀਨਤਮ ਜਾਣਕਾਰੀ ਅਤੇ ਲੋੜੀਂਦੀ ਸਲਾਹ ਦੇਵੇਗੀ।

ਪੈਸੇ, ਦੇਖਭਾਲ, ਸਿਹਤ, ਰਿਹਾਇਸ਼ ਜਾਂ ਹੋਰ ਚੀਜ਼ਾਂ ਲਈ ਸਲਾਹ ਲੈਣ ਲਈ ਸਲਾਹ ਸੇਵਾ ਨਾਲ ਸਾਲ ਦੇ ਕਿਸੇ ਵੀ ਦਿਨ, ਸਵੇਰੇ 8 ਵਜੇ ਤੋਂ ਸ਼ਾਮ 7 ਵਜੇ ਸੰਪਰਕ ਕੀਤਾ ਜਾ ਸਕਦਾ ਹੈ।

ਟੈਲੀਫ਼ੋਨ: 0800 055 6112

ਵੈੱਬਸਾਈਟ: https://www.ageuk.org.uk/

***ਸਿਟਿਜਨ ਅਡਵਾਈਸ***

ਸੁਤੰਤਰ ਚੈਰੀਟੀਆਂ ਦਾ ਇੱਕ ਨੈਟਵਰਕ, ਜੋ ਔਨਲਾਈਨ, ਫੋਨ 'ਤੇ ਅਤੇ ਵਿਅਕਤੀਗਤ ਰੂਪ ਵਿੱਚ ਗੁਪਤ ਸਲਾਹ ਦਿੰਦਾ ਹੈ। ਇਹ ਤੁਹਾਨੂੰ ਲਾਭ, ਕੰਮ, ਕਰਜ਼ੇ, ਮਕਾਨ, ਪਰਿਵਾਰ, ਇਮੀਗ੍ਰੇਸ਼ਨ ਅਤੇ ਸਿਹਤ ਬਾਰੇ ਸਲਾਹ ਦੇ ਸਕਦੇ ਹਨ।

Adviceline (ਇੰਗਲੈਂਡ): 03444 111 444

Adviceline (ਵੇਲਜ਼): 03444 77 20 20

Adviceline (ਸਕੌਟਲੈਂਡ): 0800 028 1456

ਸਾਰੀਆਂ ਲਾਈਨਾਂ ਸੋਮਵਾਰ ਤੋਂ ਸ਼ੁਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ ਉਪਲਬਧ ਹਨ।

ਵੈਬਸਾਈਟ: https://www.citizensadvice.org.uk/ (ਇੰਗਲੈਂਡ ਅਤੇ ਵੇਲਜ਼)

ਵੈਬਸਾਈਟ: https://www.cas.org.uk/ (ਸਕਾਟਲੈਂਡ)

ਚੈਟ ਦੀ ਮਦਦ ਨਾਲ ਤੁਸੀਂ ਸਿਖਲਾਈ ਪ੍ਰਾਪਤ ਸਲਾਹਕਾਰ ਨਾਲ ਔਨਲਾਈਨ ਗੱਲਬਾਤ ਕਰ ਸਕਦੇ ਹੋ। ਤੁਸੀਂ:

- ਉਹਨਾਂ ਨਾਲ ਕਿਸੇ ਵੀ ਸਮੱਸਿਆ ਬਾਰੇ ਗੱਲ ਕਰੋ https://www.citizensadvice.org.uk/about-us/contact-us/contact-us/chat-service-money-and-debt/ ਮਦਦ ਸੋਮਵਾਰ ਤੋਂ ਸ਼ੁਕਰਵਾਰ, ਸਵੇਰੇ 8 ਵਜੇ ਤੋਂ ਸ਼ਾਮ 7 ਵਜੇ ਤੱਕ ਉਪਲਬਧ ਰਹਿੰਦੀ ਹੈ

- ਉਹਨਾਂ ਨਾਲ ਕਿਸੇ ਵੀ ਸਮੱਸਿਆ ਬਾਰੇ ਗੱਲ ਕਰੋ https://www.citizensadvice.org.uk/about-us/contact-us/contact-us/web-chat-service/ ਮਦਦ ਸੋਮਵਾਰ ਤੋਂ ਸ਼ੁਕਰਵਾਰ, ਸਵੇਰੇ 10 ਵਜੇ ਤੋਂ ਸ਼ਾਮ 4 ਵਜੇ ਤੱਕ ਉਪਲਬਧ ਰਹਿੰਦੀ ਹੈ

### *ਕੋਵਿਡ-19 ਸਾਂਝੀ ਮਦਦ*

ਕੋਵਿਡ-19 ਕਾਰਨ ਮੁਸ਼ਕਿਲਾਂ ਦਾ ਸਾਹਮਣਾ ਕਰ ਰਹੀਆਂ ਕਮਿਉਨਿਟੀਆਂ ਦੀ ਮਦਦ ਕਰਨ ਲਈ ਤੁਹਾਡੇ ਖੇਤਰ ਵਿੱਚ ਸਥਾਨਕ ਸਮੂਹ ਹਨ।

ਇੱਥੇ ਜਾਓ: https://covidmutualaid.org/ਅਤੇ ਆਪਣੇ ਨੇੜਲੇ ਮਦਦ ਸਮੂਹ ਦਾ ਸਥਾਨ ਪਤਾ ਕਰਨ ਲਈ ਆਪਣਾ ਖੇਤਰ ਕੋਡ ਜਾਂ ਡਾਕ ਕੋਡ ਭਰੋ।

### *Cruse Bereavement*

Cruse Bereavement ਦੇਖਭਾਲ ਮੁਫਤ ਫੋਨ ਰਾਸ਼ਟਰੀ ਹੈਲਪਲਾਈਨ ਹੈ ਜਿਸ ਦੇ ਸਟਾਫ ਵਿੱਚ ਮੁਸ਼ਕਲ ਸਮਿਆਂ ਵਿੱਚ ਮਦਦ ਕਰਨ ਲਈ ਸਿਖਲਾਈ ਪ੍ਰਾਪਤ ਸਵੈ-ਸੇਵਕ ਸ਼ਾਮਲ ਹਨ, ਜੋ ਸੋਗ ਤੋਂ ਪ੍ਰਭਾਵਤ ਕਿਸੇ ਵੀ ਵਿਅਕਤੀ ਨੂੰ ਭਾਵਾਤਮਕ ਮਦਦ ਦਿੰਦੇ ਹਨ।

ਫੋਨ: 0844 477 9400 (ਸੋਮਵਾਰ ਤੋਂ ਸ਼ੁਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਤੱਕ)

ਵੈੱਬਸਾਈਟ: https://www.cruse.org.uk

### *ਸਮਾਨਤਾ ਸਲਾਹਕਾਰੀ ਸਹਾਇਤਾ ਸੇਵਾ (EASS)*

EASS ਕੋਲ ਇੱਕ ਹੈਲਪਲਾਈਨ ਹੈ ਜੋ ਵਿਤਕਰੇ ਅਤੇ ਮਨੁੱਖੀ ਅਧਿਕਾਰਾਂ ਸੰਬੰਧੀ ਸਮੱਸਿਆਵਾਂ 'ਤੇ ਜਾਣਕਾਰੀ ਅਤੇ ਮਾਰਗ ਦਰਸ਼ਨ ਦਿੰਦੀ ਹੈ। ਇਹ ਸੇਵਾ ਉਹਨਾਂ ਲੋਕਾਂ ਲਈ ਮੁਫਤ ਹੈ ਅਤੇ ਫ਼ੋਨ, ਈਮੇਲ, ਫੈਕਸ, ਪੋਸਟ, ਵੀਡਿਓ ਲਿੰਕ ਦੁਆਰਾ ਪੂਰੀ ਤਰ੍ਹਾਂ ਪਹੁੰਚਯੋਗ ਹੈ ਜੋ BSL ਦੀ ਵਰਤੋਂ ਕਰਨਾ ਚਾਹੁੰਦੇ ਹਨ ਅਤੇ ਨਾਲ ਹੀ ਬਿਮਾਰ ਮਾਨਸਿਕ ਸਿਹਤ ਅਤੇ ਸਿਖਲਾਈ ਅਯੋਗਤਾ ਵਾਲੇ ਲੋਕਾਂ ਲਈ ਵਕਾਲਤ ਸੇਵਾਵਾਂ ਤੱਕ ਪਹੁੰਚ ਹੈ। ਚੈਟ ਸਹੂਲਤਾਂ ਜਲਦ ਹੀ ਸ਼ੁਰੂ ਕਰ ਦਿੱਤੀਆਂ ਜਾਣਗੀਆਂ।

ਖੁਲ੍ਹਣ ਦਾ ਸਮਾਂ: ਸੋਮਵਾਰ ਤੋਂ ਸ਼ੁੱਕਰਵਾਰ ਸਵੇਰੇ 9 ਵਜੇ ਤੋਂ ਸ਼ਾਮ 7 ਵਜੇ ਤੱਕ ਅਤੇ ਸ਼ਨੀਵਾਰ ਨੂੰ ਸਵੇਰੇ 10 ਵਜੇ ਤੋਂ ਦੁਪਹਿਰ 2 ਵਜੇ ਤੱਕ।

ਅਡਵਾਈਸ ਲਾਈਨ: 0808 800 0082

ਟੈਕਸਟ ਫ਼ੋਨ: 0808 800 0084

ਵੈੱਬਸਾਈਟ: http://www.equalityadvisoryservice.com/

### *MIND*

MIND ਮਾਨਸਿਕ ਸਿਹਤ ਸਮੱਸਿਆ ਦਾ ਸਾਮ੍ਹਣਾ ਕਰ ਰਹੇ ਹਰੇਕ ਵਿਅਕਤੀ ਨੂੰ ਸਮੱਰਥ ਕਰਨ ਲਈ ਸਲਾਹ ਅਤੇ ਸਹਾਇਤਾ ਪ੍ਰਦਾਨ ਕਰਨ ਦੀ ਮੁਹਿੰਮ ਚਲਾਉਂਦਾ ਹੈ। ਇਹ ਸੇਵਾਵਾਂ ਨੂੰ ਬਿਹਤਰ ਬਣਾਉਣ, ਜਾਗਰੂਕਤਾ ਵਧਾਉਣ ਅਤੇ ਸਮਝ ਵਧਾਉਣ ਲਈ ਮੁਹਿੰਮ ਚਲਾਉਂਦੇ ਹਨ।

ਤੁਸੀਂ MIND ਨੂੰ ਉਹਨਾਂ ਦੀ Infoline 'ਤੇ, ਸੋਮਵਾਰ ਤੋਂ ਸ਼ੁਕਰਵਾਰ, ਸਵੇਰੇ 9 ਵਜੇ ਤੋਂ ਸ਼ਾਮ 6 ਵਜੇ ਤੱਕ ਸੰਪਰਕ ਕਰ ਸਕਦੇ ਹੋ (ਬੈਂਕ ਛੁੱਟੀਆਂ ਨੂੰ ਛੱਡ ਕੇ): 0300 123 3393

ਈਮੇਲ: info@mind.org.uk

ਵੈੱਬਸਾਈਟ: https://www.mind.org.uk/

ਟੈਕਸਟ: 86463

***National Debtline***

ਇਹਨਾਂ ਦਾ 25 ਸਾਲਾਂ ਤੋਂ ਵੱਧ ਸਮੇਂ ਲਈ ਮਾਹਰ ਕਰਜ਼ਾ ਸਲਾਹ ਦੇਣ ਦਾ ਇੱਕ ਸਫਲ ਟ੍ਰੈਕ ਰਿਕਾਰਡ ਹੈ। ਇਹ ਸਹਾਇਕ ਅਤੇ ਉੱਚ ਪੱਧਰੀ ਸਿਖਲਾਈ ਪ੍ਰਾਪਤ ਮਾਹਰ ਕਰਜ਼ਾ ਸਲਾਹਕਾਰਾਂ ਦੀ ਮਦਦ ਪ੍ਰਦਾਨ ਕਰਨ ਦਾ ਵਾਅਦਾ ਕਰਦੇ ਹਨ।

ਮੁਫਤ ਕਰਜ਼ਾ ਸਲਾਹ ਲਈ 0808 808 4000 'ਤੇ ਕਾਲ ਕਰੋ, ਸੋਮਵਾਰ ਤੋਂ ਸ਼ੁੱਕਰਵਾਰ, ਸਵੇਰੇ 9 ਵਜੇ – ਸ਼ਾਮ 8 ਵਜੇ ਅਤੇ ਸ਼ਨੀਵਾਰ ਸਵੇਰੇ 9.30 ਵਜੇ – ਦੁਪਹਿਰ 1 ਵਜੇ

ਵੈੱਬਸਾਈਟ: https://www.nationaldebtline.org/

## *ਰਫਿਊਜ਼ੀ*

ਘਰੇਲੂ ਹਿੰਸਾ ਦਾ ਅਨੁਭਵ ਕਰਨ ਵਾਲੇ ਵਿਅਕਤੀਆਂ ਲਈ 24 ਘੰਟਿਆਂ ਦੀ ਹੈਲਪਲਾਈਨ:

ਫ਼ੋਨ: 0808 2000 247

ਵੈੱਬਸਾਈਟ: https://www.refuge.org.uk/

ਇਹਨਾਂ ਕੋਲ ਇੱਥੇ ਬਹੁਤ ਸਾਰੇ ਡਿਜੀਟਲ ਸਰੋਤ ਵੀ ਉਪਲਬਧ ਹਨ www.refuge.org.ukਅਤੇ www.nationaldahelpine.org.uk

***Samaritans***

ਉਦਾਸੀ ਜਾਂ ਨਿਰਾਸ਼ਾ ਦੀਆਂ ਭਾਵਨਾਵਾਂ ਦਾ ਅਨੁਭਵ ਕਰ ਰਹੇ ਲੋਕਾਂ ਲਈ ਗੁਪਤ ਸਹਾਇਤਾ:

ਫੋਨ: 116 123 (ਮੁਫਤ 24 hours ਹੈਲਪਲਾਈਨ)

ਈ-ਮੇਲ: jo@samaritans.org

ਵੈੱਬਸਾਈਟ: www.samaritans.org.uk

***Stop Hate UK***

Stop Hate UK ਇੱਕ ਚੈਰਿਟੀ ਹੈ ਜੋ ਨਫਰਤ ਕਰਕੇ ਹੁੰਦੇ ਅਪਰਾਧਾਂ ਤੋਂ ਪ੍ਰਭਾਵਿਤ ਲੋਕਾਂ ਨੂੰ ਸੁਤੰਤਰ ਅਤੇ ਗੁਪਤ ਮਦਦ ਪ੍ਰਦਾਨ ਕਰਦੀ ਹੈ।ਇਹ UK ਦੇ ਵੱਖ-ਵੱਖ ਖੇਤਰਾਂ ਵਿੱਚ ਨਫਰਤ ਕਰਕੇ ਹੁੰਦੇ ਅਪਰਾਧਾਂ ਸੰਬੰਧੀ ਰਿਪੋਰਟਿੰਗ ਸੇਵਾਵਾਂ ਪ੍ਰਦਾਨ ਕਰਦੇ ਹਨ,

ਇਸ ਵਿੱਚ 24-hour ਇੱਕ ਹੈਲਪਲਾਈਨ ਵੀ ਸ਼ਾਮਲ ਹੈ।ਕਿਰਪਾ ਕਰਕੇ ਕਾਲ ਕਰਨ ਤੋਂ ਪਹਿਲਾਂ ਖੇਤਰਾਂ ਦੀ ਸੂਚੀ ਨੂੰ ਧਿਆਨ ਨਾਲ ਦੇਖੋ।

ਵੈੱਬਸਾਈਟ: www.stophateuk.org

24-hour ਹੈਲਪਲਾਈਨ: 0800 138 1625

ਫੈਕਸ: 0113 341 0396
ਟੈਕਸਟ: 07717 989 025

ਈਮੇਲ: talk@stophateuk.org

***ਪੀੜਤ ਲਈ ਮਦਦ***

ਜੇ ਤੁਹਾਡੇ 'ਤੇ ਅਪਰਾਧ ਦਾ ਅਸਰ ਹੋਇਆ ਹੈ, ਤਾਂ ਇਹ ਤੁਹਾਨੂੰ ਇਸ ਤੋਂ ਉਭਰਨ ਲਈ ਮਦਦ ਦੇ ਸਕਦੇ ਹਨ। ਸੇਵਾਵਾਂ ਇੰਗਲੈਂਡ, ਵੇਲਜ਼, ਜਾਂ ਸਕਾਟਲੈਂਡ ਵਿੱਚ ਮੁਫਤ, ਗੁਪਤ ਅਤੇ ਹਰ ਕਿਸੇ ਲਈ ਉਪਲਬਧ ਹਨ, ਚਾਹੇ ਅਪਰਾਧ ਬਾਰੇ ਦੱਸਿਆ ਗਿਆ ਹੋਵੇ ਜਾਂ ਨਹੀਂ ਜਾਂ ਇਹ ਕਿੰਨਾ ਸਮਾਂ ਪਹਿਲਾਂ ਹੋਇਆ ਸੀ, ਇਸ ਨਾਲ ਕੋਈ ਫਰਕ ਨਹੀਂ ਪੈਂਦਾ।

ਇਸ 'ਤੇ ਮਦਦ ਲਈ ਮੁਫਤ ਕਾਲ ਕਰੋ

08 08 16 89 111 (ਇੰਗਲੈਂਡ ਅਤੇ ਵੇਲਜ਼, ਦਿਨ ਵਿੱਚ 24 ਘੰਟੇ)

0800 160 1985 (ਸਕਾਟਲੈਂਡ, ਸਵੇਰੇ 8 ਵਜੇ ਤੋਂ ਸ਼ਾਮ 8 ਵਜੇ ਤੱਕ)

ਇਸ ਵੈਬਸਾਈਟ 'ਤੇ ਔਨਲਾਈਨ ਫਾਰਮ ਦੀ ਵਰਤੋਂ ਕਰਕੇ ਸੇਵਾ ਨੂੰ ਈਮੇਲ ਕਰੋ:

https://www.victimsupport.org.uk/ (ਇੰਗਲੈਂਡ ਅਤੇ ਵੇਲਜ਼)

https://victimsupport.scot/ (ਸਕੌਟਲੈਂਡ)

ਤੁਹਾਡੇ ਸਮੇਂ ਲਈ ਤੁਹਾਡਾ ਧੰਨਵਾਦ।